ਪ੍ਰਸ਼ਨ ਸਵਰ ਤੋਂ ਕੀ ਭਾਵ ਹੈ?

ਉੱਤਰ ਸੰਗੀਤ ਵਿੱਚ ਸਾਰੀ ਰਾਗ ਰਚਨਾ ਸਵਰਾਂ ਤੇ ਅਧਾਰਿਤ ਹੈ। ਸਵਰ ਉਹ ਸੰਗੀਤ ਉਪਯੋਗੀ ਆਵਾਜ਼ ਹੈ ਜੋ ਸਾਫ਼ ਅਤੇ ਆਪਣੇ ਆਪ ਵਿੱਚ ਮਿੱਠੀ ਹੋਵੇ। ਸਵਰ ਸ਼ਰੁਤੀਆਂ ਤੋਂ ਬਣਦੇ ਹਨ। ਸ਼ਰੁਤੀ ਇਕ ਬਹੁਤ ਸੂਖਮ ਪਰੰਤੂ ਸੰਗੀਤਮਈ ਆਵਾਜ਼ ਹੈ। ਅਜਿਹੀਆਂ ਸੂਖਮ ਆਵਾਜ਼ਾਂ ਇਕ ਸਪਤਕ ਵਿੱਚ ੨੨ ਮੰਨੀਆਂ ਗਈਆਂ ਹਨ। ਇਨ੍ਹਾਂ ੨੨ ਸੂਖਮ ਆਵਾਜ਼ਾਂ ਵਿੱਚੋਂ 1੨ ਨਾਦ ਚੁਣ ਕੇ ਜਿਨ੍ਹਾਂ ਦਾ ਆਪਸੀ ਅੰਤਰਾਲ ਕੁੱਝ ਜ਼ਿਆਦਾ ਹੁੰਦਾ ਹੈ ਅਤੇ ਸੁਣਨ ਵਿੱਚ ਮਧੁਰ ਹੁੰਦੇ ਹਨ ਉਹ ਸਵਰ ਕਹਿਲਾਉਂਦੇ ਹਨ। ਇਨ੍ਹਾਂ 1੨ ਸਵਰਾਂ ਵਿੱਚ 7 ਸਵਰ ਸ਼ੁੱਧ ਅਤੇ 5 ਵਿਕ੍ਰਿਤ ਮੰਨੇ ਗਏ ਹਨ। ਜਿਵੇਂ ਸ਼ੜਜ, ਰਿਸ਼ਭ, ਗੰਧਾਰ, ਮੱਧਮ, ਪੰਚਮ, ਧੈਵਤ, ਨਿਸ਼ਾਦ। ਇਨ੍ਹਾਂ ਨੂੰ ਸੰਖੇਪ ਵਿੱਚ ਸ ਰੇ ਗ ਮ ਪ ਧ ਨੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਇਹ ਸਾਰੇ 7 ਸਵਰ ਹਨ। ਇਹ ਦੋ ਤਰ੍ਹਾਂ ਦੇ ਹੁੰਦੇ ਹਨ।



### 1. ਸ਼ੁੱਧ ਸਵਰ

ਸ਼ੁੱਧ ਸਵਰ ਉਹਨਾਂ ਨੂੰ ਕਿਹਾ ਜਾਂਦਾ ਹੈ ਜੋ ਆਪਣੇ ਨਿਸ਼ਚਿਤ ਰੂਪਾਂ ਵਿੱਚ ਰਹਿੰਦੇ ਹਨ। ਸ਼ੁੱਧ ਸਵਰ ਲਈ ਕੋਈ ਚਿੰਨ੍ਹ ਜਾਂ ਨਿਸ਼ਾਨ ਨਹੀਂ ਹੁੰਦਾ। ਇਹਨਾਂ 7 ਸ਼ੁੱਧ ਸਵਰਾਂ ਵਿੱਚ 'ਸਾ' ਅਤੇ 'ਪ' ਅਚੱਲ ਸਵਰ ਹਨ। ਇਹ ਹਮੇਸ਼ਾ ਆਪਣੀ ਜਗ੍ਹਾ ਤੇ ਸਥਿਰ ਰਹਿੰਦੇ ਹਨ। ਇਸ ਦੇ ਦੋ ਰੂਪ ਨਹੀਂ ਹੋ ਸਕਦੇ।

### 2. ਵਿਕ੍ਰਿਤ ਸਵਰ

ਉਹ ਸਵਰ ਜੋ ਆਪਣੇ ਸਥਾਨ ਤੋਂ ਉੱਪਰ ਜਾਂ ਨੀਚੇ ਹੁੰਦੇ ਹਨ, ਉਹਨਾਂ ਨੂੰ ਵਿਕ੍ਰਿਤ ਸਵਰ ਕਹਿੰਦੇ ਹਨ। 7 ਸਵਰਾਂ ਵਿੱਚ 'ਸ' ਅਤੇ 'ਪ' ਆਪਣੇ ਨਿਸ਼ਚਿਤ ਸਥਾਨ ਤੋਂ ਕਦੇ ਨਹੀਂ ਹਟਦੇ। ਇਹਨਾਂ ਤੋਂ ਬਿਨਾਂ ਬਾਕੀ ਪੰਜ ਸਵਰ (ਰੇ, ਗ, ਮ, ਧ, ਨੀ) ਆਪਣੇ ਨਿਸ਼ਚਿਤ ਸਥਾਨ ਤੋਂ ਉੱਪਰ ਨੀਚੇ ਹਟਦੇ ਹਨ, ਜਿਸ ਕਰਕੇ ਇਹਨਾਂ ਨੂੰ ਚਲ ਜਾਂ ਵਿਕ੍ਰਿਤ ਸਵਰ ਕਿਹਾ ਜਾਂਦਾ ਹੈ। ਵਿਕ੍ਰਿਤ ਸਵਰਾਂ ਨੂੰ ਅਸੀਂ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ।

#### i) ਕੋਮਲ ਸਵਰ

ਜਦੋਂ (ਰੇ, ਗ, ਧੈਂ, ਨੀ) ਇਹਨਾਂ ਚਾਰ ਸ਼ੁੱਧ ਸਵਰਾਂ ਦੀ ਆਵਾਜ਼ ਨਿਸ਼ਚਿਤ ਸਥਾਨ ਤੋਂ ਨੀਵੀਂ ਕਰ ਦਿੱਤੀ ਜਾਵੇ ਤਾਂ ਉਹਨਾਂ ਨੂੰ ਕੋਮਲ ਸਵਰ ਕਿਹਾ ਜਾਂਦਾ ਹੈ। ਸਵਰ ਲਿਪੀ ਵਿੱਚ ਇਹਨਾਂ ਦੇ ਥੱਲੇ ਔਕੜ ਦਾ ਨਿਸ਼ਾਨ ਹੁੰਦਾ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਇਹ ਕੋਮਲ ਸਵਰ ਹਨ। ਜਿਵੇਂ-

ਰੁੇ, ਗੁ, ਧੁ, ਨੁੀ

#### ii) ਵਿਕ੍ਰਿਤ ਸਵਰ

ਜਦੋਂ ਸਵਰ ਆਪਣੇ ਨਿਸ਼ਚਿਤ ਸਥਾਨ ਜਾਂ

ਸ਼ੁੱਧ ਰੂਪ ਤੋਂ ਉੱਪਰ ਵੱਲ ਹੱਟ ਕੇ ਆਪਣੀ ਸ਼ੁੱਧ ਆਵਾਜ਼
ਤੋਂ ਕੁੱਝ ਉੱਚੀ ਆਵਾਜ਼ ਹੋਵੇ, ਉਸਨੂੰ ਤੀਵਰ ਸਵਰ ਕਿਹਾ
ਜਾਂਦਾ ਹੈ। ਹਿੰਦੁਸਤਾਨੀ ਸੰਗੀਤ ਵਿੱਚ ਕੇਵਲ ਇੱਕ ਹੀ ਸਵਰ
ਹੈ ਜਿਹੜਾ ਆਪਣੇ ਸ਼ੁੱਧ ਸਥਾਨ ਤੋਂ ਉੱਪਰ ਵੱਲ ਹੱਟਦਾ
ਹੈ। ਉਹ ਹੈ 'ਮ' ਸਵਰ। ਇਹ ਮ ਅਤੇ ਪ ਦੇ
ਵਿਚਕਾਰ ਸਥਿਤ ਹੁੰਦਾ ਹੈ। ਇਸ ਲਈ ਇਸ ਨੂੰ ਤੀਵਰ
ਮ (ਮੇ) ਕਹਿੰਦੇ ਹਨ। ਤੀਵਰ ਸਵਰ ਨੂੰ ਸਵਰ ਲਿਪੀ
ਵਿੱਚ ਲਿਖਣ ਦਾ ਚਿੰਨ੍ਹ ਸਵਰ ਦੇ ਉੱਪਰ ਖੜੀ
ਲਕੀਰ ਹੈ ਜਿਵੇਂ - ਮੇ